ਦਫ਼ਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) , ਪੰਜਾਬ
ਚੌਥੀ ਮੰਜਿਲ, ਈ- ਬਲਾਕ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ.ਨਗਰ
(ਵਜੀਫਾ ਸ਼ਾਖਾ)

ਸੇਵਾ ਵਿਖੇ

ਸਮੂਹ ਜਿਲਾ ਸਿੱਖਿਆ ਅਫਸਰ (ਸੈ.ਸਿ.)
ਸਮੂਹ ਸਕੂਲ ਪ੍ਰਿੰਸੀਪਲ।

ਮੀਮੋ ਨੰ. E- 69266/2026/੪੧੦੧੮੨
ਮਿਤੀ- 08-10-2026

ਵਿਸ਼ਾ:- ਸੈਸ਼ਨ 2026-2027 ਦੌਰਾਨ ਵੱਖ-ਵੱਖ ਸਟੇਟ ਸਪਾਂਸਰਡ ਵਜੀਫਾ ਸਕੀਮਾਂ ਅਧੀਨ ਐਮ ਸਟਾਰ ਪੋਰਟਲ ਤੇ ਅਪਲਾਈ ਹੋਏ ਡਾਟੇ ਨੂੰ ਵੈਰੀਫਾਈ ਕਰਨ ਉਪਰੰਤ ਫਾਰਵਰਡ ਕਰਨ ਬਾਰੇ।

ਹਵਾਲਾ- ਇਸ ਦਫਤਰ ਦੇ ਪੱਤਰ ਨੰ. E- 69266/2026249355 ਮਿਤੀ 11-09-2026 ਸਬੰਧੀ।

1.0 ਉਕਤ ਹਵਾਲਾ ਅਧੀਨ ਪੱਤਰ ਰਾਹੀਂ ਸੈਸ਼ਨ 2026-2027 ਦੌਰਾਨ ਸਟੇਟ ਸਪਾਂਸਰਡ ਵਜੀਫਾ ਸਕੀਮਾਂ ਅਧੀਨ ਅਪਲਾਈ ਕਰਵਾਉਣ ਲਈ ਮਿਤੀ 14-09-2026 ਤੋਂ ਐਮ ਸਟਾਰ ਪੋਰਟਲ ਖੋਲਿਆ ਗਿਆ ਸੀ। ਐਮ ਸਟਾਰ ਪੋਰਟਲ ਦਾ ਸਾਰਾ ਸਿਸਟਮ ਨਵਾ ਹੋਣ ਕਾਰਨ ਇਸ ਵਿੱਚ ਕੁੱਝ ਬਦਲਾਅ ਕੀਤੇ ਗਏ ਹਨ। ਜਿਵੇਂ ਕਿ ਹੇਠ ਦਰਸਾਈਆ ਵਜੀਫਾ ਸਕੀਮਾਂ ਅਧੀਨ ਕੇਵਲ ਰੀਨਿਊ ਵਿਦਿਆਰਥੀਆਂ ਦਾ ਡਾਟਾ ਹੀ ਸਟੇਟ ਐਮ.ਆਈ.ਐਸ. ਵਿੰਗ ਵੱਲੋਂ ਪਹਿਲਾ ਹੀ ਸਬਮਿਟ ਕਰ ਦਿਤਾ ਗਿਆ ਹੈ:-

1. CM Scholarship Scheme
2. Encouragement award to SC girl student for pursuing 10+2 Education (+1 and +2 classes)
3. 55- Award to SC Sports Students scheme (6-12 Classes)

2.0 ਇਸ ਲਈ ਉਪਰੋਕਤ ਬਦਲਾਅ ਦੇ ਸਨਮੁਖ ਸਮੂਹ ਜਿਲਾ ਸਿੱਖਿਆ ਅਫਸਰ (ਸੈ.ਸਿ.) ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਆਉਂਦੇ ਸਕੂਲਾਂ ਦੇ ਪ੍ਰਿੰਸੀਪਲਾਂ ਨੂੰ ਹਦਾਇਤ ਕੀਤੀ ਜਾਵੇ ਕਿ ਇੱਕ-ਇੱਕ ਬੱਚੇ ਨੂੰ ਧਿਆਨ ਨਾਲ ਚੈਕ ਕਰਦੇ ਹੋਏ ਅਗਲੇ ਪੱਧਰ ਤੇ ਫਾਰਵਰਡ ਕਰਨਾ ਯਕੀਨੀ ਬਣਾਇਆ ਜਾਵੇ। ਜੇਕਰ ਕੋਈ ਬੱਚਾ ਡਰਾਪ ਆਊਟ ਜਾਂ ਫੇਲ ਹੈ ਤਾਂ ਉਸ ਨੂੰ ਰਿਜੈਕਟ ਕੀਤਾ ਜਾਵੇ।

3.0 ਜੇਕਰ CM Scholarship Scheme ਅਤੇ Encouragement award to SC girl student for pursuing 10+2 Education (+1 and +2 classes) ਸਕੀਮਾਂ ਅਧੀਨ ਸਬਮਿਟ ਕੀਤੇ ਹੋਏ ਰੀਨਿਊ ਵਿਦਿਆਰਥੀਆਂ ਵਿਚੋਂ ਕੋਈ ਵੀ ਅਯੋਗ ਵਿਦਿਆਰਥੀ ਦਾ ਡਾਟਾ ਫਾਰਵਰਡ ਕੀਤਾ ਜਾਂਦਾ ਹੈ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਬੰਧਤ ਸਕੂਲ ਪ੍ਰਿੰਸੀਪਲ ਦੀ ਹੋਵੇਗੀ।

4.0 55- Award to SC Sports Students scheme (6-12 Classes) ਸਕੀਮ ਅਧੀਨ ਅਯੋਗ ਵਿਦਿਆਰਥੀ ਦਾ ਡਾਟਾ ਅਗਲੇ ਪੱਧਰ ਤੇ ਫਾਰਵਰਡ ਕਰਨ ਸਬੰਧੀ ਨਿਰੋਲ ਨਿੱਜੀ ਜਿੰਮੇਵਾਰੀ ਸਬੰਧਤ ਜਿਲਾ ਸਿੱਖਿਆ ਅਫਸਰ (ਸੈ.ਸਿ.)/ ਨੋਡਲ ਅਫਸਰ ਵਜੀਫਾ ਦੀ ਹੋਵੇਗੀ।

5.0 ਫਰੈਸ਼ ਵਿਦਿਆਰਥੀਆਂ ਨੂੰ ਪਹਿਲਾ ਦੀ ਤਰ੍ਹਾਂ ਹੀ ਅਪਲਾਈ ਕਰਵਾਇਆ ਜਾਣਾ ਹੈ।

08.10.2026
ਸਹਾਇਕ ਡਾਇਰੈਕਟਰ (ਵਜੀਫਾ)

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ), ਬਠਿੰਡਾ।

ਪਿੱਠ ਅੰਕਣ ਨੰ: ਸੀ-5/1(5)/2026/445 ਮਿਤੀ: 08/10/26

ਉਪਰੋਕਤ ਦਾ ਉਤਾਰਾ ਸੰਬੰਧਤ ਸਕੂਲ ਮੁਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿੱਚ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ। Mstar ਤੇ ਆਪਣੀ ਲੌਗਇਨ ਵਿਖੇ ਆਈਆਂ ਅਰਜ਼ੀਆਂ ਦੇ ਵਿਦਿਆਰਥੀਆਂ ਨੂੰ ਚੰਗੀ ਤਰ੍ਹਾਂ ਚੈੱਕ ਕਰ ਲਿਆ ਜਾਵੇ ਅਤੇ ਉਸ ਤੋਂ ਬਾਅਦ ਹੀ ਫਾਰਵਰਡ ਕੀਤਾ ਜਾਵੇ। ਜੇਕਰ ਕੋਈ Drop out / Reject ਵਿਦਿਆਰਥੀ ਫਾਰਵਰਡ ਹੋ ਜਾਂਦਾ ਹੈ ਤਾਂ ਇਸ ਦੀ ਨਿਰੋਲ ਜ਼ਿੰਮੇਵਾਰੀ ਸੰਬੰਧਤ ਵਜ਼ੀਫਾ ਨੋਡਲ ਅਫਸਰ ਅਤੇ ਸੰਬੰਧਤ ਸਕੂਲ ਮੁਖੀ ਦੀ ਹੋਵੇਗੀ।

08/10/26

ਉਪ ਜ਼ਿਲ੍ਹਾ ਸਿੱਖਿਆ ਅਫਸਰ (ਸੈ)
ਬਠਿੰਡਾ

08/10/26